ਸਮਰਥ ਗੁਰੂ ਸਿਰਿ ਹਥੁ ਧਰੵਉ ॥ ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ [1]

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ [2]

ਅਥ ਮ੍ਰਿਯਾਦਾ ਪ੍ਰਬੋਧ [3] ਬਰਣਨੰ

ਏਸ ਟ੍ਰੈਕਟ ਦੀ ਲਿਖਨ ਦੀ ਜ਼ਰੂਰਤ ਕਿਉਂ ਪਈ ? ਇਸ ਦਾ ਕਾਰਨ ਇਹ ਸੀ ਕੇ ਕਈ ਪ੍ਰੇਮੀ ਸ਼ੰਕਾਵਾਦੀ ਇਸ ਤਖ਼ਤ ਸਾਹਿਬ ਜੀ ਦੀ ਮ੍ਰਿਜ਼ਾਦਾ ਦੇਖ ਕੇ ਟਿਕਾ ਟਿਪਨੀ ਕਰਦੇ ਰਹਿੰਦੇ ਸਨ। ਏਕ ਏਕ ਮ੍ਰਿਯਾਦਾ ਤੇ ਘੰਟਿਆਂ ਬਦੀ ਬਹਿਸ ਕਰਦੇ ਰਹਿੰਦੇ, ਫੇਰ ਵੀ ਉਨ੍ਹਾਂ ਦੇ ਸੰਸੇ ਪੂਰਨ ਨਿਵਰਤ ਨਹੀ ਹੁੰਦੇ ਸੀ, ਇਸ ਤੇ ਇਹੁ ਵਿਚਾਰ ਹੋਈ ਕਿ ਏਕ ਏਕ ਨੂੰ ਸਮਝਾਨ ਦੇ ਬਜਾਏ, ਏਕ ਟ੍ਰੈਕਟ ਹਜੂਰੀ ਮ੍ਰਿਯਾਦਾ ਪ੍ਰਬੋਧ ਕਲਗੀਧ੍ਰ ਦਸਮੇਸ਼ ਪਿਤਾ ਜੀ ਦੇ ਪ੍ਰੇਰਨਾ ਦੁਵਾਰਾ ਔਰ ਕਿਰਪਾਲਤਾ ਦੁਵਾਰਾ ਲਿਖ ਦਿਤਾ ਜਾਇ, ਜਿਸ ਵਿਚ ਹਜੂਰ ਸਾਹਿਬ ਜੀ ਦੀ ਮ੍ਰਿਯਾਦਾ ਏਕ ਏਕ ਨੂੰ ਆਦਿ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਦੀ ਬਾਣੀ ਔਰ ਦਸਮ ਬਾਣੀ ਔਰ ਭਾਈ ਗੁਰਦਾਸ, ਔਰ ਨੰਦ ਲਾਲ ਜੀ ਦੀ ਬਾਣੀ, ਗੁਰ ਇਤਹਾਸ ਦੁਵਾਰਾ ਸਿੱਧ ਕਰਕੇ ਸੰਗ੍ਰਹਿ ਕੀਤਾ ਜਾਏ ਜਿਸਨੂੰ ਪੜ੍ਹਕੇ ਸ਼ੰਕਾ ਵਾਦੀਆਂ ਦੇ ਸੰਸੇ ਦੂਰ ਹੋਨ। ਔਰ ਤਖ਼ਤ ਸਾਹਿਬ ਦੀ ਨਿੰਦਿਆ [4] ਤੋਂ ਉਨ੍ਹਾਂ ਦਾ ਬਚਾਓ ਹੋ ਸਕੇ, ਔਰ ਉਨ੍ਹਾਂ ਦੀ ਯਾਤਰਾ ਸਫਲ ਹੋਏ, ਨਹੀਂ ਤਾਂ ਕਈ ਪ੍ਰੇਮੀ ਆ ਕੇ ਸੰਸੇ ਵਿਚ ਪੈ ਜਾਂਦੇ ਹਨ। ਉਨ੍ਹਾਂ ਤੇ ਗੁਰ ਸਾਹਿਬ ਗੁਰਬਾਣੀ ਦੀਆਂ ਇਹ ਤੁਕਾਂ ਘਟਦੀਆਂ ਹਨ : -

ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ [5]

ਇਸ ਵਾਸਤੇ ਪ੍ਰੇਮੀ ਸੰਸੇ ਵਿਚ ਪੈ ਕੇ ਤਖ਼ਤ ਸਾਹਿਬ ਔਰ ਗੁਰੂ ਸਾਹਿਬ ਜੀ ਦੀ ਨਿੰਦਿਆ ਦੇ ਭਾਗੀ ਬਣ ਜਾਂਦੇ ਹਨ, ਕੁਛ ਤਾਂ ਉਹ ਪ੍ਰੇਮੀ ਗੁਰ ਇਤਹਾਸਾਂ ਤੋਂ ਵਾਕਫ ਨਹੀਂ ਹੁੰਦੇ ਔਰ ਇਥੇ ਆ ਕਰ ਕੇ ਉਨ੍ਹਾਂ ਨੂੰ ਏਹੋ ਜਿਹੇ ਪ੍ਰੇਮੀਆਂ ਦੀ ਸੰਗਤ ਹੋ ਜਾਂਦੀ ਹੈ, ਜੇੜੇ ਆਪ ਤਾਂ ਨਰਕਾਂ ਦੇ ਭਾਗੀ ਹੁੰਦੇ ਹਨ, ਉਨ੍ਹਾਂ ਨੂੰ ਹੋਰਨਾਂ ਨੂੰ ਭੀ ਉਹੀ

---

[1] ਸਵਈਏ ਮਹਲੇ ਚਉਥੇ ਕੇ ੪, ਭਟ-ਬਾਣੀ, ਪੰਨਾ ੧੪੦੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[2] ਸੂਹੀ ਮਹਲਾ ੫, ਪੰਨਾ ੭੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[3] ਬੋਧ ਕਰਾਉਣਾ, ਗਿਆਨ ਦੇਣਾ, ਮੰਡਨ ਕਰਨ ਲਈ ਲਿਖਿਆ ਗ੍ਰੰਥ ।

[4] ਕਿਸੇ ਤਖ਼ਤ ਸਾਹਿਬ ਉਤੈਂ ਪ੍ਰਚਲਿਤ ਰਹਿਤ ਬਾਰੇ ਟੀਕਾ-ਟਿੱਪਣੀ ਕਰਨੀ ਉਸ ਤਖ਼ਤ ਸਾਹਿਬ ਦੀ ਨਿੰਦਾ ਨਹੀਂ ਮੰਨੀ ਜਾ ਸਕਦੀ । ਉਦਾਹਰਣ ਵਜੋਂ, ਉਦਾਸੀ ਮਹੰਤ ਨਾਰਾਇਣ ਦਾਸ ਵਲੋਂ ਚਲਾਏ ਜਾ ਰਹੇ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਦੀ ਆਲੋਚਨਾ ਨੂੰ ਸ੍ਰੀ ਨਨਕਾਣਾ ਸਾਹਿਬ ਜੀ ਦੀ ਨਿੰਦਾ ਨਹੀਂ ਕਰਾਰ ਦਿੱਤਾ ਜਾ ਸਕਦਾ ।

[5] ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩, ਸਲੋਕ ਮਹਲਾ ੧, ਪੰਨਾ ੭੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਰਸਤੇ ਪਾਉਂਦੇ ਹਨ ਅਰ ਉਹੀ ਸਭ ਦੇਂਦੇ ਹਨ ਜਿਸ ਕਰਕੇ ਕਈ ਯਾਤਰੂ ਸਜਨ ਸੰਸਿਆ ਵਿਚ ਪੈ ਕੇ ਅਪੁਨੀ ਯਾਤਰਾ ਨੂੰ ਪੁੰਨ ਦੇ ਰਸਤੇ ਤੋਂ ਭਟਕ ਕੇ ਸਿਧੇ ਨਰਕਾਂ ਦੇ ਰਸਤੇ ਪੈ ਜਾਂਦੇ ਹਨ, ਗੁਰਬਾਣੀ ਤਾਂ ਕਿਸੇ ਦੀ ਭੀ ਨਿੰਦਿਯਾ ਕਰਨ ਦੀ ਆਗਿਆ ਨਹੀਂ ਦੇਂਦੀ, ਗੁਰ ਬਾਣੀ ਵਿਚ ਇਉਂ ਫਰਮਾਯਾ ਹੈ ਕਿ :

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ [੬]

ਇਹ ਤਾਂ ਕਿਸੇ ਦੀ ਨਿੰਦਿਆ ਦਾ ਡੰਡ ਮਿਲਦਾ ਹੈ, ਪ੍ਰ ਜੇਹੜਾ ਪ੍ਰੇਮੀ ਯਾਤਰੂ ਕਲਗੀਧ੍ਰ ਦਸਮੇਸ਼ ਪਿਤਾ ਜੀ ਤੇ ਤਖ਼ਤ ਸਾਹਿਬ ਜੀ ਦੀ ਮ੍ਰਿਯਾਦਾ ਦੀ ਨਿੰਦਿਆ ਕਰਨਗੇ ਯਾ ਕਰ ਰਹੇ ਹਨ ਪਤਾ ਨਹੀਂ ਕਿ ਉਨ੍ਹਾਂ ਨੂੰ ਕੀ ਡੰਡ ਮਿਲੇਗਾ ਅਰ ਉਨ੍ਹਾਂ ਦਾ ਕੀ ਹਾਲ ਹੋਵੇਗਾ ? ਤਾਂਤੇ ਇਹ ਮਹਾਪਾਪ ਅਪ੍ਰਾਧ ਤੋਂ ਬਚਨ ਲਈ ਇਸ ਟ੍ਰੈਕਟ ਦਾ ਤੁਛ ਜਿਹਾ ਉਦਮ ਜਾਰੀ ਕੀਤਾ ਗਿਆ। ਆਓ ਆਪਾਂ ਸਾਰੇ ਮਿਲਕੇ ਵੀਚਾਰ ਕਰੀਏ ਕਿ ਤਖ਼ਤ ਸਾਹਿਬ ਹਜ਼ੂਰ ਸਾਹਿਬ ਜੀ ਦੀ ਮ੍ਰਿਯਾਦਾ ਨੂੰ ਗੁਰ ਇਤਹਾਸ ਆਦਿ, ਦਸਮ ਗੁਰੂ ਸਾਹਿਬ ਦੀ ਬਾਣੀ, ਭਾਈ ਨੰਦ ਲਾਲ ਅਰ ਭਾਈ ਗੁਰ ਦਾਸ ਦੀ ਬਾਣੀ ਦੁਆਰਾ ਸਿੱਧ ਕਰਨ ਦੀ ਕੋਸ਼ਿਸ਼ ਕਰੀਏ।

ਗੁਰ ਨਾਨਕ ਸਾਹਿਬ ਅਰ ਦਸਮੇਸ਼ ਪਿਤਾ, ਗੁਰੂ ਗ੍ਰਿੰਥ ਸਾਹਿਬ ਜੀ ਗੁਰ ਪੰਥ ਮੇਹਰ ਭਰਿਆ ਹਥ ਸੇਵਕਾਂ ਦੇ ਸੀਸ ਤੇ ਰਖਨ ਅਰ ਬੁਧੀ ਬਲ ਬਖ਼ਸ਼ਨ ਤਾਂ ਕਿ ਇਹ ਟ੍ਰੈਕਟ ਨਿਰਵਿਘਨ ਸਮਪੂਰਨ ਹੋ ਸਕੇ।

ਅਥ ਆਰੰਭਤਾ ਬ੍ਰਣਨ
ੴ ਸਤਿਗੁਰਪ੍ਰਸਾਦਿ ॥
ਤਵ ਪ੍ਰਸਾਦਿ ॥

ਸ੍ਰੀ ਹਜ਼ੂਰ ਸਾਹਿਬ ਜੀ ਦੀ ਯਾਤਰਾ ਨੂੰ ਆਏ ਸੰਗਤਾਂ ਕਈ ਪ੍ਰੇਮੀ ਪੁਛਦੇ ਹਨ, ਕਿ ਇਸ ਜਗਾ ਨੂੰ ਮਹਾਰਾਜ ਕਲਗੀਧ੍ਰ ਜੀ ਨੇ ਨਗੀਨਾ ਘਾਟ ਸਾਹਿਬ ਤੋਂ ਤੀਰ ਚਲਾਕੇ ਤਪ ਅਸਥਾਨ ਪ੍ਰਗਟ ਕੀਤਾ ਹੈ। ਇਸ ਤੇ ਮੁਸਲਮਾਨਾਂ ਦੇ ਸਬੂਤ ਮੰਗਨ ਤੇ ਇਸ ਤਪ ਅਸਥਾਨ ਵਾਲੀ ਜਗ੍ਹਾ ਨੂੰ ਪੁਟਾ ਕੇ ਹੇਠੋਂ ਆਪਨੇ ਤਪ ਦੀਆਂ ਨਿਸ਼ਾਨੀਆਂ ਕਢ ਕੇ ਦਿਖਾਈਆਂ ਸੀ । ਇਸ ਤੇ ਸਾਰੇ ਲਾਜਵਾਬ ਹੋ ਗਏ ਸੀ।

ਨੋਟ: ਤਪ ਵਾਲੀ ਸਾਖੀ ਭਾਈ ਸੰਤੋਖ ਸਿੰਘ ਜੀ ਨੇ ਵੀ ਲਿਖੀ ਹੈ। ਹੋਰ ਇਕ ਸਾਖੀ ਪੁਰਾਣੀ ਭਾਈ ਰਹਿਰਾਸੀਆ ਕਿਸ਼ਨ ਸਿੰਘ ਜੀ ਪਾਸ ਹੈ ਜੇਹੜੀ ਉਹ ਦਵਾਲੀ ਤੋਂ ਬਾਦ ਪੰਚਮੀ ਕਤਕ ਸੁਦੀ ਵਾਲੇ ਦਿਨ ਗੁਰ ਪੁਰਬ ਨੂੰ ਮਹਾਰਾਜ ਦੇ ਪ੍ਰਲੋਕ ਗਮਨ ਕਰਨ ਦੇ ਦਿਨ ਦੀਵਾਨ ਵਿਚ ਖੜੇ ਹੋ ਕੇ ਸੁਨਾਉਂਦੇ ਹਨ। ਏਹ ਪ੍ਰਸੰਗ ਸੁਨਕੇ ਕਈ ਪ੍ਰੇਮੀ ਪੁਛਦੇ ਹਨ ਕਿ ਮਹਾਰਾਜ ਜੀ ਨੇ ਇਸ ਜਗ੍ਹਾ ਤਪ ਕਦੋਂ ਕੀਤਾ ਹੈ। ਸੁਣੋ ਭਾਈ ਗੁਰਮੁਖੋ

[੬] ਰਾਗੁ ਸੂਹੀ ਮਹਲਾ ੩, ਪੰਨਾ ੭੫੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਸਾਨੂੰ ਇਤਨਾ ਪਤਾ ਨਹੀਂ ਹੈ, ਪ੍ਰ ਜਿਸ ਤਰ੍ਹਾਂ ਅਸਾਂ ਆਪਣੇ ਮਹਾਪੁਰਸ਼ ਬ੍ਰਹਮਗਿਆਨੀ ੧੦੮ ਸੰਤ ਬਾਬਾ ਜਵਾਲਾ ਸਿੰਘ ਜੀ ਤੋਂ ਸੁਨਿਆ ਹੈ ਉਹ ਆਪ ਜੀ ਨੂੰ ਸੁਨਾਉਂਦੇ ਹਾਂ। ਇਕ ਦਫ਼ਾ ਸੰਤ ਮਹਾਰਾਜ ਟਿੰਡ ਬੁੰਗੇ ਬੈਠੇ ਸੀ ਸੰਤ ਮਹਾਰਾਜ ਜੀ ਦਾ ਆਗਮਨ ਸੁਨਕੇ ਸੰਗਤਾਂ ਬੇਅੰਤ ਇਕਤ੍ਰ ਹੋਈਆਂ ਦਰਸ਼ਨਾਂ ਵਾਸਤੇ ਤੇ ਨਾਲ ਜਥੇ ਦੇ ਸਿੰਘ ਭੀ ਬੈਠੇ ਸਨ ਉਸ ਵਕਤ ਸੰਤ ਮਹਾਰਾਜ ਜੀ ਦੇ ਨਾਲ ਇਕ ਗਿਆਨੀ ਅਕਾਲੀ ਸਿੰਘ ਸੀ। ਉਸਨੇ ਸੰਤਾਂ ਪਾਸ ਇਹੀ ਪ੍ਰਸ਼ਨ ਕੀਤਾ ਸੀ ਕਿ ਜਿਸਦੇ ਉੱਤਰ ਵਿੱਚ ਫੁਰਮਾਯਾ ਸੀ ਕਿ ਲੈ ਭਾਈ ਗਿਆਨੀ ਸਿੰਘ ਤੈਨੂੰ ਮਹਾਰਾਜ ਜੀ ਦੇ ਤਪ ਦੀ ਸਾਖੀ ਸੁਨਾਉਂਦੇ ਹਾਂ, ਕਿਉਂਕਿ ਤੁਸੀਂ ਗਿਆਨੀ ਹੋ ਤੁਹਾਡੇ ਕੰਮ ਆਵੇਗੀ। ਸੰਤ ਮਹਾਰਾਜ ਜੀ ਨੇ ਅਪਣੇ ਗਡਵੱਈ ਸੰਤ ਮਹਿੰਦਰ ਸਿੰਘ ਜੀ ਨੂੰ ਫੁਰਮਾਯਾ ਲੈ ਆ ਭਾਈ ਸਾਖੀ, ਗਿਆਨੀ ਸਿੰਘ ਨੂੰ ਮਹਾਰਾਜ ਜੀ ਦੇ ਤਪ ਦੀ ਸਾਖੀ ਸੁਨਾਈਏ ਜਿਸ ਤੇ ਇਨ੍ਹਾਂ ਨੂੰ ਸੰਸਾ ਨਾ ਰਹੇ ਕਿ ਪ੍ਰਸੰਗ ਕਿੱਥੇ ਲਿਖਿਆ ਹੈ। ਸੁਨ ਕੇ ਸੰਤ ਮਹਿੰਦਰ ਸਿੰਘ ਜੀ ਝਟਪਟ ਸੌ ਸਾਖੀ ਲੈ ਆਏ ਤੇ ਪੜ੍ਹ ਕੇ ਸੁਨਾਉਣ ਲਗੇ, ਆਪ ਸੰਤ ਜੀ ਮਹਾਰਾਜ ਅਰਥ ਸੁਨਾਉਣ ਲਗੇ, ਸੌ ਸਾਖੀ ਦੀ ੧੩ਵੀਂ ਸਾਖੀ ਹੈ ਪੰਨਾ ੫੭ ਤੋਂ ਸ਼ੁਰੂ ਹੋ ਕੇ ਪੰਨਾ ੬੩ ਤਕ ਹੈ। ਪ੍ਰੇਮੀ ਜਨ ਉਸ ਤੋਂ ਪੂਰੀ ਸਾਖੀ ਦੇਖ ਸਕਦੇ ਹਨ, ਇਥੇ ਚੇਤਾਵਨੀ ਮਾਤ੍ਰ ਹੀ ਦਰਸਾਉਣ ਦਾ ਜਤਨ ਕੀਤਾ ਗਿਆ ਹੈ। ਸੰਤ ਮਹਾਰਾਜ ਜੀ ਨੇ ਫੁਰਮਾਯਾ ਕਿ ਜਦੋਂ ਸਤਜੁਗ ਵਿਚ ਦੈਂਤਾਂ ਤੇ ਦੇਵਤਿਆ ਦਾ ਜੁਧ ਹੋਯਾ ਸੀ ਉਸ ਵਕਤ ਦੇਵਤੇ ਹਾਰ ਗਏ ਸੀ ਦੈਤਾਂ ਦੀ ਜਿੱਤ ਹੋ ਗਈ ਸੀ, ਦੇਵਤੇ ਭਜ ਕੇ ਪਹਾੜਾਂ ਤੇ ਕੰਦਰਾਂ ਵਿਚ ਲੁਕ ਗਏ ਸੀ, ਸਭ ਧਰਤੀ ਪ੍ਰ ਰਾਖਸ਼ਾਂ ਦਾ ਰਾਜ ਹੋ ਗਿਆ ਸੀ। ਮਾਤ ਲੋਕ ਤੋਂ ਲੈ ਕੇ ਇੰਦ੍ਰਪੁਰੀ ਤਕ ਰਾਜ ਸੰਭਾਲ ਲਿਆ ਸੀ। ਬਹੁਤ ਕਾਲ ਰਾਜ ਕਰਦੇ ਨੂੰ ਹੋ ਗਿਆ ਸੀ। ਇਕ ਦਿਨ ਦੇਵੀ ਦੁਰਗ ਸ਼ਾਹ ਨ੍ਹਾਵਨ ਵਾਸਤੇ ਆਈ ਸੀ, ਪ੍ਰਮਾਣ ਸ੍ਰੀ ਮੁਖਵਾਕ ਪਾ: ੧੦ - ਵਾਰ ਚੰਡੀ ਦੀ [੭], ਇੱਕ ਦਿਹਾੜੇ ਨ੍ਹਾਵਣ ਆਈ ਦੁਰਗਸ਼ਾਹ ॥ ਇੰਦਰ ਬ੍ਰਿਥਾ ਸੁਣਾਈ ਅਪਣੇ ਹਾਲ ਦੀ ॥ ਛੀਨ ਲਈ ਠਕੁਰਾਈ ਸਾਤੇ ਦਾਨਵੀ ॥ ਲੋਕੀ ਤਿਹੀ ਫਿਰਾਈ ਦੋਹੀ ਆਪਣੀ ॥ ਬੈਠੇ ਵਾਇ ਵਧਾਈ ਤੇ ਅਮਰਾਵਤੀ ॥ ਦਿੱਤੇ ਦੇਵ ਭਜਾਈ ਸਭਨਾ ਰਾਕਸ਼ਾਂ ॥ ਕਿਨੈ ਨ ਜਿੱਤਾ ਜਾਈ ਮਹਿਖੇ ਦੈਤ ਨੂੰ ॥ ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ ॥੪॥ ਪਉੜੀ ॥ ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ ॥ ਓਹੀ ਸੀਹੁ ਮੰਗਾਇਆ ਰਾਖਸ਼ ਭੱਖਣਾ ॥ ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ ॥ ਰੋਹ ਹੋਈ ਮਹਾਮਾਈ ਰਾਕਸ਼ਿ ਮਾਰਣੇ ॥੫॥ [੮]

ਇਸ ਮੁਖਵਾਕ ਬਾਣੀ ਤੋਂ ਸਿੱਧ ਹੋਯਾ ਕਿ ਦੈਂਤਾਂ ਨੇ ਤ੍ਰਿਲੋਕੀ ਦਾ ਰਾਜ ਸੰਭਾਲ ਲਿਆ ਸੀ। ਇੰਦ੍ਰਪੁਰੀ ਤੋਂ ਦੇਵਤੇ ਭਜ ਗਏ ਸਨ ਔਰ ਉਥੇ ਭੀ ਦੈਤਾਂ ਦਾ ਰਾਜ ਹੋ ਗਿਆ ਸੀ। ਕਿਉਂਕਿ ਇੰਦਰ ਦੇ ਕਥਨ ਅਨੁਸਾਰ, " ਕਿਨੈ ਨ ਜਿੱਤਾ ਜਾਈ ਮਹਿਖੇ ਦੈਤ ਨੂੰ ॥ ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ ॥" ਇਹ ਬਚਨ ਇੰਦਰ ਦੇ ਸੁਨ ਕਰ ਹੱਸੀ ਔਰ ਦੇਵਤੇ ਇੰਦਰ ਨੂੰ ਬਚਨ ਦਿੱਤਾ ਕਿ ਤੁਸੀਂ ਕੋਈ ਫ਼ਿਕਰ ਨ ਕਰੋ, ਅਕਾਲ ਪੁਰਖ ਦੀ ਕਿਰਪਾ

---

[੭] 'ਵਾਰ ਸ੍ਰੀ ਭਗਉਤੀ ਜੀ' ਨੂੰ ਹੀ ਆਮ ਤੌਰ 'ਤੇ 'ਚੰਡੀ ਦੀ ਵਾਰ' ਕਹਿ ਲਿਆ ਜਾਂਦਾ ਹੈ। ਇਸੇ ਵਾਰ ਦੀ ਪਹਿਲੀ ਪਉੜੀ ਸਿੱਖਾਂ ਦੀ ਅਰਦਾਸ ਦੇ ਪਹਿਲੇ ਪਹਿਰੇ ਦਾ ਹਿੱਸਾ ਹੈ। ਇਸ ਵਿੱਚ ਦੇਵੀ ਦੁਰਗਾ ਦੇ ਯੁਧਾਂ ਦਾ ਜ਼ਿਕਰ ਹੈ, ਜੋ ਦੇਵਤਿਆਂ ਦੀ ਸਹਾਇਤਾ ਲਈ ਦੈਤਾਂ ਦੇ ਖ਼ਿਲਾਫ਼ ਲੜ੍ਹਿਆ ਗਿਆ ਸੀ। ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਜ਼ਿਆਦਾਤਰ ਬੀੜਾਂ ਵਿੱਚ ਇਸ ਬਾਣੀ ਦਾ ਸਿਰਲੇਖ 'ਵਾਰ ਸ੍ਰੀ ਦੁਰਗਾ ਜੀ ਕੀ' ਦਿੱਤਾ ਗਿਆ ਹੈ।

[੮] ਵਾਰ ਸ੍ਰੀ ਭਗਉਤੀ ਜੀ ਕੀ, ਪੰਨਾ ੧੧੯-੧੨੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਨਾਲ ਦੈਂਤਾਂ ਦਾ ਨਾਸ ਹੋ ਜਾਇਗਾ ਔਰ ਤੁਹਾਨੂੰ ਫੇਰ ਇੰਦਰਪੁਰੀ ਦਾ ਰਾਜ ਮਿਲੇਗਾ । ਏਹ ਕਹਿਕੇ ਦੇਵੀ ਨੇ ਜੰਗ ਦੀ ਤਿਯਾਰੀ ਕੀਤੀ । ਬੜਾ ਭਾਰੀ ਜੰਗ ਹੋਇਆ, ਜਿਸ ਵਿੱਚ ਰਕਤ ਦੀਆ ਨਦੀਆਂ ਵਹਿਨ ਲੱਗੀਆਂ, ਰਾਜ ਪਾ ਕੇ ਰਾਕਸ਼ ਭੀ ਹੰਕਾਰ ਵਿਚ ਆ ਕੇ ਪ੍ਰਮੇਸ਼ਰ ਨੂੰ, ਅਕਾਲ ਪੁਰਖ ਨੂੰ ਭੁੱਲ ਨਹੀਂ ਗਏ ਸਨ, ਸਗੋਂ ਐਸੇ ਐਸੇ ਕਠਿਨ ਤੱਪਸਿਆ ਕਰਕੇ ਵਰ ਹਾਸਲ ਕਰ ਲੀਏ ਸਨ, ਪ੍ਰਮਾਨ - ਜਿਸਤਰ੍ਹਾਂ ਕਿ ਰਕਤਬੀਜ [੯]ਨੇ ਵਰ ਹਾਸਲ ਕੀਤਾ ਸੀ ਕਿ ਮੈਦਾਨ ਜੰਗ ਵਿੱਚ ਸ਼ਸਤ੍ਰ ਲਗੇ ਮੇਰਾ ਖ਼ੂਨ ਜਿਥੇ ਏਕ ਬੂੰਦ ਭੀ ਡਿੱਗੇ, ਉਥੋਂ ਹਜ਼ਾਰਾਂ ਹੀ ਮੇਰੇ ਵਰਗੇ ਸੂਰਮੇ ਉਠਕੇ ਜੰਗ ਜੁੱਧ ਕਰਨ ਲੱਗ ਪੈਣ, ਅਗੋ ਉਨ੍ਹਾਂ ਨੂੰ ਸ਼ਸਤ੍ਰ ਲਗਨ ਔ੍ਰ ਉਨ੍ਹਾਂ ਦੀਆਂ ਬੂੰਦਾਂ ਧਰਤੀ ਤੇ ਡਿਗਨ । ਉਨ੍ਹਾਂ ਦੀ ਭੀ ਏਕ ਏਕ ਬੂੰਦ ਵਿਚੋਂ ਹਜ਼ਾਰਾਂ ਹੀ ਸੂਰਮੇ ਉਠ ਜੰਗ ਨੂੰ ਜੁਟ ਪੈਣ, ਇਸੀ ਤਰ੍ਹਾਂ ਭਾਵਕੇ ਮੇਰਾ ਖ਼ੂਨ ਵ ਰਕਤ ਉਨ੍ਹਾਂ ਵਿਚ ਦੁਸ਼ਮਨਾਂ ਨੂੰ ਮਾਰ ਲੀਆ ਨਾ ਜਾਏ ਔਰ ਮੈਦਾਨ ਫ਼ਤ੍ਹੇ ਨਾ ਕੀਆ ਜਾਏ, ਏਹੋ ਜਿਹੇ ਸੂਰਮੇ ਵਰ ਪ੍ਰਾਪਤ ਕੀਤੇ ਹੋਏ ਰਾਕਸ਼ਾਂ ਵਿਚ ਭੀ ਮੌਜੂਦ ਸਨ । ਜਿਸ ਵਕਤ ਦੇਵੀ ਦੁਰਗ ਸ਼ਾਹ ਸਾਰੇ ਦੈਂਤਾਂ ਦਾ ਨਾਸ ਕਰਦੀ ਕਰਦੀ ਰਕਤ ਬੀਜ ਦੇ ਸਾਹਮਣੇ ਆਈ ਔਰ ਰਕਤ ਬੀਜ ਦੇ ਉਤੇ ਵਾਰ ਕੀਤਾ ਔਰ ਉਸ ਦਾ ਖ਼ੂਨ ਮੈਦਾਨ ਵਿਚ ਡਿੱਗਾ, ਬਸ ਫੇਰ ਕੀ ਸੀ, ਏਕ ਏਕ ਬੂੰਦ ਤੋਂ ਹਜ਼ਾਰਾਂ ਹੀ ਰਾਕਸ਼ ਉਠਦੇ ਗਏ । ਜਿਉਂ ਜਿਉਂ ਮਾਰਦੀ ਗਈ, ਤਿਉਂ ਤਿਉਂ ਰਾਕਸ਼ ਵਧਦੇ ਗਏ । ਸਾਰਾ ਮੁਲਕ ਹੀ ਰਾਕਸ਼ਾਂ ਨਾਲ ਭਰ ਗਯਾ, ਚਾਰੋਂ ਤਰਫ਼ੋਂ ਸ਼ਸਤ੍ਰ ਲੈ ਲੈ ਕੇ ਦੇਵੀ ਤੇ ਚਲਾਵਨ ਲਗੇ । ਦੇਵੀ ਦੁਰਗ ਸ਼ਾਹ ਮਾਰਦੀ ਮਾਰਦੀ ਰੋਕਦੀ ਰੋਕਦੀ ਥਕੱਤ ਹੋ ਗਈ, ਉਸ ਵੇਲੇ ਦੇਵੀ ਅਲੋਪ ਗਈ, ਰਾਕਸ਼ ਲੱਗੇ ਢੂੰਢਣ, ਤਬ ਤਪਸੀ (ਸਮੁੰਡ) [੧੦] ਪਾਸ ਆ ਆ ਕਰ ਨਦੀ ਕਿਨਾਰੇ ਪ੍ਰ ਤਪਸੀ ਔਰ ਉਨਕਾ ਚੇਲਾ ਸ਼ੇਰ ਦੀ ਮ੍ਰਿਗ ਛਾਲਾ ਪ੍ਰ ਬੈਠੇ ਤੱਪਸਿਆ ਕਰ ਰਹੇ ਸਨ, ਵਹਾਂ ਆ ਕਰ ਦੈਤ ਬੋਲਦੇ ਜਾ ਰਹੇ ਸਨ ਕਿ ਹਾਏ ਹਾਏ ਰਾਣੀ ਕੌਣ ਲੇ ਗਯਾ ਔਰ ਕਹਾਂ ਗਈ, ਤਾਂ ਤਪਸੀ ਬੋਲਿਆ ਅਰੇ ਬਕਬਾਦ ਨ ਕਰੋ । ਸ਼ਕਤ ਸਦਾ ਪੂਰਨ ਹੈ । ਸੁਨ ਕਰ ਮਤਿਵਾਲੇ ਉਜੜ ਮਨਮੁਖ ਮਾਰ ਮਾਰ ਕਰ ਤੱਪਸੀ ਸਮੁੰਡ ਨੂੰ ਮਾਰਨ ਦੌੜੇ, ਤਾਂ ਤਪਸੀ ਵਿਚਾਰਿਆ ਮੇਰਾ, ਮੇਰੇ ਚੇਲੇ ਦਾ ਧਰਮ ਨਹੀਂ ਜੁੱਧ ਦਾ, ਹਮ ਬ੍ਰਾਹਮਣ ਬ੍ਰਹਮ ਪ੍ਰਾਇਣ ਹਾਂ, ਭਾਵ ਕਿ ਅਸੀਂ ਬ੍ਰਹਮ ਰਿਖੀ ਹਾਂ, ਤਾਂ ਸ਼ੇਰ ਦੀ ਮ੍ਰਿਗ ਛਾਲਾ ਝਾੜੀ, ਝਾੜਦਿਆਂ ਸਾਰ ਹੀ ਇਕ ਨੌਜਵਾਨ ਸ਼ਸਤ੍ਰ ਅਸਤ੍ਰ ਨਾਲ ਸਨੱਧ ਬਨੱਧ ਹੋ ਕਰ ਸਨਮੁਖ ਹਾਥ ਜੋੜ ਕਰ ਖੜਾ ਹੋ ਗਿਆ, ਔਰ ਫੁਰਮਾਯਾ ਪਿਤਾ ਜੀ ਹੁਕਮ । ਰਿਸ਼ੀ ਜੀ ਨੇ ਕਿਹਾ ਕਿ ਏਹ ਦੁਸ਼ਟਾਂ ਨੂੰ ਸਾਡੇ ਸਾਮਣੇ ਸੇ ਪਰ੍ਹਾਂ ਕਰ ਦੇਉ ਤੇ ਹਟਾ ਦੇਉ । ਵਾਸਤਵ ਮੇ ਉਹ ਸੂਰਮਾ ਨੌਜਵਾਨ ਰਿਸ਼ੀ ਦਾ ਤਪਬਲ, ਭਜਨ ਬੰਦਗੀ ਜੋ ਉਨ੍ਹਾਂ ਕੀਤੀ ਸੀ, ਉਹ ਸਰੂਪ ਧਾਰ ਕਰ ਰਛਿਆ ਕੇ ਨਮਿਤ ਆਕਰ ਸਨਮੁਖ ਹੱਥ ਜੋੜ ਕਰ ਖੜੇ ਹੋ ਗਏ ਥੇ, ਰਿਸ਼ੀ ਦਾ ਹੁਕਮ ਸੁਨ ਕੇ ਜੁੱਧ ਨੂੰ ਜੁਟ ਪਏ । ਦੈਤਾਂ ਨਾਲ ਇਨ੍ਹਾਂ ਨੇ ਇਸਤਰ੍ਹਾਂ ਭਯਾਨਕ ਜੁਧ ਕੀਤਾ ਕਿ ਕਈ ਦੈਤਾਂ ਨੂੰ ਕੇਸੋਂ ਫੜ ਫੜ ਕੇ ਔਰ ਫਿਰਾ ਫਿਰਾ ਕਰ ਕਈ ਕੋਸੋਂ ਤਕ ਦੂਰ ਸੁਟ ਦਿਤਾ ਔਰ ਮੈਦਾਨ ਖਾਲੀ ਕਰ ਦਿਤਾ । ਬਹੁਤ ਮੁੱਦਤ ਤਕ ਇਹ ਜੁੱਧ ਹੁੰਦਾ ਰਿਹਾ ਸੀ । ਮੈਦਾਨ ਖਾਲੀ ਹੋਏ ਬਾਦ ਦੇਵੀ ਦੁਰਗਸ਼ਾਹ ਆਈ ਔਰ ਤੇਜ ਪੁੰਜ ਨੌਜਵਾਨ ਸੂਰਮੇ ਨੂੰ ਦੇਖ ਕਰ ਬੜੀ ਖ਼ੁਸ਼ ਹੋਈ । ਨਾਮ ਸੂਰਮੇ ਦਾ ਦੁਸ਼ਟ ਦਮਨ ਰਖਿਯਾ, ਭਾਵ ਕੇ ਇਹ ਰਾਖਸ਼ ਔਰ ਦੁਸਟਾਂ ਨੂੰ ਆਪ ਨੇ ਹੀ ਠੱਲ ਪਾਈ ਹੈ, ਐਸੇ ਸਮਰਥ ਹੋ ਔਰ

---

[੯] ਇੱਕ ਦੈਂਤ, ਜਿਸ ਨੂੰ ਸ੍ਰੂਣਵਤਬੀਜ ਵੀ ਕਿਹਾ ਗਿਆ ਹੈ ।

[੧੦] ਤਪੱਸਵੀ ਸਮੁੰਡ ਦਾ ਅਤੇ ਦੇਵੀ ਦਾ ਉਸ ਕੋਲ ਜਾਣ ਦਾ ਜ਼ਿਕਰ 'ਚੰਡੀ ਦੀ ਵਾਰ' (ਵਾਰ ਸ੍ਰੀ ਭਗਉਤੀ ਜੀ ਕੀ) ਵਿੱਚ ਨਹੀ ਹੈ । 'ਸੌ ਸਾਖੀ' ਇਸ ਦਾ ਬਿਆਨ ਕਰਦੀ ਹੈ ।

ਦੁਸ਼ਟ ਦਮਨ ਹੋ, ਭਾਵ ਕਿ ਦੁਸ਼ਟਾਂ ਨੂੰ ਦਬਾਉਣ ਵਾਲੇ ਹੋ, ਔਰ ਇਤ ਆਦਿਕ ਬੇਅੰਤ ਉਸ ਤੇਜ ਪੁੰਜ ਦੀ ਉਸਤਤ ਕਰੀ ਔਰ ਬਚਨ ਦੀਆ ਔਰ ਵਰ ਦੀਆ ਕਿ ਮੈਂ ਭੀ ਆਪ ਦੀ ਬੁਲਾਈ ਆਪ ਦੇ ਜੁੱਧ ਵਿੱਚ ਆਵਾਂਗੀ, ਇਤ ਆਦਿਕ ਬੇਅੰਤ ਬਚਨ ਦੇਵੀ ਨੇ ਕਰੇ, ਜੋ ਇੱਥੇ ਵਿਸਥਾਰ ਹੋਣ ਤੋਂ ਸੰਕੋਚ ਕੀਤਾ ਗਿਆ ਹੈ । ਇਹ ਸਭ ਮੋਰਚੇ ਫ਼ਤ੍ਹੇ ਕਰ ਕੇ ਔਰ ਦੇਵੀ ਦੇ ਉਪਮਾ ਵਾਲੇ ਬਚਨ ਸੁਨਕੇ ਔਰ ਵਰ ਦੀ ਆਦਿਕ ਸੁਨ ਕਰ ਔਰ ਮੈਦਾਨ ਵਿਚ ਕੋਈ ਰਾਕਸ਼ ਵ ਦੈਤ ਸਨਮੁਖ ਨਾ ਦੇਖ ਕਰ ਉਹ ਤੇਜ ਪੁੰਜ ਦੁਸ਼ਟ ਦਮਨ ਸੂਰਮਾ ਰਿਸ਼ੀ ਪਾਸ ਆ ਕਰ ਉਸੀ ਤਰ੍ਹਾਂ ਫੇਰ ਹਾਥ ਜੋੜ ਕਰ ਔਰ ਨਮਸਕਾਰ ਕਰ ਕੇ ਖੜੇ ਹੋ ਗਏ ਔਰ ਮੁਖ ਸੇ ਕਹਾ ਕਿ ਪਿਤਾ ਜੀ ਹੁਕਮ ਵ ਆਗਿਆ ਭਾਉ ਕੇ ਹੁਨ ਕੀ ਹੁਕਮ ਔਰ ਆਗਿਆ ਹੈ ? ਤਪੁਸੀ ਰਿਖੀ ਜੀ ਬਚਨ ਸੁਨ ਕਰ ਔਰ ਸਨਮੁਖ ਦੇਖ ਕਰ ਬੜੇ ਖ਼ੁਸ਼ ਹੋਏ ਔਰ ਬੇਅੰਤ ਵਰ ਦਿੱਤੇ ਔਰ ਕਹਾ ਕਿ ਤੇਰਾ ਪਿਤਾ ਮੈਂ ਹੀ ਹੋਵਾਂਗਾ, ਜਿਸ ਤਰ੍ਹਾਂ ਹੁਣ ਮੈਂ ਤਪੁ ਵਿੱਚ ਭਾਵ ਸਮਾਧੀ ਵਿਚ ਲੀਨ ਰਿਹਾ ਹਾਂ ਔਰ ਤੇਰਾ ਜੁੱਧ ਨਹੀਂ ਦੇਖਾ, ਅੱਗੇ ਸਮੇਂ ਵਿਚ ਭੀ ਤੇਰਾ ਜੁੱਧ ਨਹੀਂ ਦੇਖਾਂਗਾ । ਤੱਟ ਪਰ ਜਾ ਕਰ ਤਪਸਿਆ ਸਾਧੋ । ਸੋ ਭਾਈ ਪ੍ਰੇਮੀਓ ਔਰ ਸਾਧ ਸੰਗਤ ਜੀਓ, ਉਸ ਵਕਤ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਦੁਸ਼ਟ ਦਮਨ ਸਰੂਪ ਵਿਚ ਇਸ ਜਗ੍ਹਾ ਤਪੁਸਿਆ ਕੀਤੀ ਸੀ, ਤਾਂ ਹੀ ਤੋ ਮਹਾਰਾਜ ਜੀ ਨੇ ਨਗੀਨੇ ਘਾਟ, ਸਿੰਘਾਂ ਦੇ ਪੁਛਨੇ ਤੇ ਨਾਂਦੇੜ [੧੧] ਆਵਨ ਦਾ ਕਾਰਨ ਤਾਂ ਗੁਰੂ ਸਾਹਿਬ ਜੀ ਨੇ ਫ਼ੁਰਮਾਇਆ ਸੀ ਕਿ ਨਾਂਦੇੜ ਵਿਚ ਗੋਦਾਵਰੀ [੧੨] ਦੇ ਤੱਟ ਪਰ ਸਾਡਾ ਤਪੁ ਅਸਥਾਨ ਹੈ । ਸਰਬਤ ਖ਼ਾਲਸਾ ਜੀ ਔਰ ਸਰਬਤ ਸੰਗਤ ਜੀ ਦੀ ਅਬਲਾਸ਼ਾ ਨੂੰ ਜਾਨਕੇ ਔਰ ਮੁਖ ਰਖਕੇ ਤੀਰ ਚਲਾਕੇ ਤਪੁ ਅਸਥਾਨ ਪ੍ਰਗਟ ਕੀਤਾ ਔਰ ਖੁਦਾਈ ਕਰਕੇ ਪੁਟਕੇ ਹੇਠੋਂ ਤਪੁ ਦੀਆਂ ਨਿਸ਼ਾਨੀਆਂ ਦਿਖਾਈਆਂ ਔਰ ਦਰਸ਼ਨ ਕਰਾਏ, ਧੁੰਨੀ, ਮ੍ਰਿਗਛਾਲਾ, ਖੜਾਵਾਂ, ਮਾਲਾ ਔਰ ਕਮੰਡਲ, ਬੈਰਾਗਨ [੧੩] । ਸਰਬਤ ਖ਼ਾਲਸਾ ਔਰ ਨਗਰ ਨਿਵਾਸੀ ਔਰ ਸਰਬਤ ਸਾਧ ਸੰਗਤ ਏਹ ਕੌਤਕ ਦੇਖ ਕਰ ਔਰ ਦਰਸ਼ਨ ਕਰ ਬਿਸਮੈ ਕੋ ਪ੍ਰਾਪਤ ਹੋਏ, ਭਾਵ ਅਸਚਰਜ ਕੋ ਪ੍ਰਾਪਤ ਹੋਏ ਔਰ ਸਭ ਕੇ ਮੁਖ ਸੇ ਏਹ ਆਵਾਜ਼ ਨਿਕਲੀ ਧੰਨ ਗੁਰੂ ਸਾਹਿਬ ਧੰਨ ਗੁਰੂ ਸਾਹਿਬ ਜੀ, ਧੰਨ ਕਲਗੀਧਰ ਪਿਤਾ ਸਚਾ ਪਾਤਸ਼ਾਹ ਅੰਤਰਜਾਮੀ, ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ । ਸੋ ਭਾਈ ਪ੍ਰੇਮੀਓ ਔਰ ਸਾਧ ਸੰਗਤ ਜੀਓ, ਸੰਤ ਮਹਾਰਾਜ ੧੦੮ ਬਾਬਾ ਜਵਾਲਾ ਸਿੰਘ ਜੀ ਬ੍ਰਹਮਗਿਆਨੀ ਉਨੋਂ ਨੇ ਏਹ ਪ੍ਰਸੰਗ ਸੌ ਸਾਖੀ ਤੋਂ ਗਿਆਨੀ ਸਿੰਘ ਨੂੰ ਸੁਨਾਇਆ ਸੀ । ਜਿਸਤਰ੍ਹਾਂ ਸੰਤ ਮਹਾਰਾਜ ਜੀ ਨੇ ਵਰਨਨ ਕੀਤਾ ਸੀ, ਉਸਤਰ੍ਹਾਂ ਵਰਨਨ ਕਰਨ ਨੂੰ ਸਾਡੀ ਬੁਧੀ ਸਮ੍ਰਤ[੧੪] ਨਹੀਂ ਹੈ, ਕਿਉਂਕਿ ਮਹਾਰਾਜ ਗੁਰਬਾਣੀ

---

[੧੧] ਦੱਖਣੀ ਭਾਰਤ ਦੇ ਮਹਾਰਾਸ਼ਟਰ ਸੂਬੇ ਵਿੱਚ ਇੱਕ ਸ਼ਹਿਰ, ਜਿੱਥੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਸੁਸ਼ੋਭਿਤ ਹਨ ।

[੧੨] ਨਾਂਦੇੜ ਸ਼ਹਿਰ ਵਿੱਚੋਂ ਹੋ ਕੇ ਵਹਿੰਦੀ ਇੱਕ ਨਦੀ, ਜੋ ਦੱਖਣ ਦੀ ਗੰਗਾ ਵਜੋਂ ਮਸ਼ਹੂਰ ਹੈ ।

[੧੩] ਜਦੋਂ ਗੁਰੂ ਗੋਬਿੰਦ ਸਿੰਘ ਜੀ ਇੱਥੇ ਸਿੰਘਾਂ ਨਾਲ ਪੁੱਜੇ ਸਨ, ਤਾਂ ਇਸ ਜਗ੍ਹਾ ਮੁਸਲਮਾਨਾਂ ਦਾ ਕਬਰਿਸਤਾਨ ਸੀ । ਜਦੋਂ ਗੁਰੂ ਜੀ ਨੇ ਇਸ ਅਸਥਾਨ ਉੱਤੇ ਆਪਣਾ ਪੁਰਾਤਨ ਅਸਥਾਨ ਹੋਣ ਦੀ ਗੱਲ ਕਹੀ, ਤਾਂ ਸਥਾਨਕ ਮੁਸਲਮਾਨਾਂ ਨੇ ਵਿਵਾਦ ਖੜ੍ਹਾ ਕਰ ਦਿੱਤਾ ਸੀ । ਸਥਾਨਕ ਪ੍ਰਸ਼ਾਸਨ ਦੇ ਕਹਿਣ 'ਤੇ ਜਦੋਂ ਖੁਦਾਈ ਕੀਤੀ ਗਈ, ਤਾਂ ਪੁਰਾਣੇ ਸਮੇਂ ਦੀਆਂ ਦੱਬੀਆਂ ਚੀਜ਼ਾਂ, ਜਿਵੇਂ ਮਾਲਾ ਆਦਿ, ਮਿਲ ਗਈਆਂ । ਇਸ ਤਰ੍ਹਾਂ, ਇਹ ਜਗ੍ਹਾ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਦਿੱਤੀ ਗਈ । ਇਸੇ ਜਗ੍ਹਾ 'ਤੇ ਹੀ ਗੁਰੂ ਸਾਹਿਬ ਦਾ ਅੰਗੀਠਾ ਸਜਾਇਆ ਗਿਆ ਸੀ । ਹੁਣ ਇਸ ਜਗ੍ਹਾ ਉੱਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਸ਼ੁਭਾਇਮਾਨ ਹੈ ।

[੧੪] ਸਮੱਰਥ, ਕਾਬਿਲ, ਯੋਗ ।

ਫੁਰਮਾਉਂਦੇ ਹਨ: ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥[੧੫] ਇਸ ਕਰ ਕੇ ਉਨ੍ਹਾਂ ਦੀ ਰਸਨਾ ਤੋਂ ਵਾਹਿਗੁਰੂ ਅਕਾਲ ਪੁਰਖੁ ਆਪ ਬੋਲ ਰਹੇ ਥੇ । ਏਹ ਪ੍ਰੰਸਗ ਸੁਣਿ ਕਰ ਸਰਬਤ ਸਾਧ ਸੰਗਤ ਬੜੇ ਅਨੰਦ ਕੋ ਪ੍ਰਾਪਤ ਹੋਏ ।

[੧੫] ਗਉੜੀ ਸੁਖਮਨੀ, ਮਹਲਾ ੫, ਪੰਨਾ ੨੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।